

# ਸੁਆਗਤ ਹੈ!

ਸੁਆਗਤਯੋਗ ਸੰਗਠਨਾਂ ਵਿੱਚ ਚੰਗੇ ਵਿਅਕਤੀਆਂ ਦਾ।

## ਕਮਿਉਨਿਟੀ ਲਿਵਿੰਗ BC ਸਮਰਥਨ ਅਤੇ ਸੇਵਾਵਾਂ ਸੰਬੰਧੀ ਜਾਣਕਾਰੀ

COMMUNITY LIVING
BRITISH COLUMBIA

## CLBC ਕੀ ਹੈ?

- CLBC ਦਾ ਮਤਲਬ ਹੈ ਕਮਿਉਨਿਟੀ ਲਿਵਿੰਗ ਬ੍ਰਿਟਿਸ਼ ਕੋਲੰਬਿਆ
- CLBC ਨੂੰ BC ਮਿਨਿਸਟ੍ਰੀ ਔਫ ਹਾਉਸਿੰਗ ਅਤੇ ਸੋਸ਼ਲ ਡਿਵਲਪਮੈਂਟ ਦੀ ਪੂੰਜੀ ਨਿਵੇਸ਼ ਦੁਆਰਾ ਸਮਰਥਿਤ ਕੀਤਾ ਜਾਂਦਾ ਹੈ
- CLBC ਨੂੰ ਅਜਿਹੇ ਵਿਅਕਤੀਆਂ ਅਤੇ ਪਰਵਾਰਾਂ ਦੁਆਰਾ ਅਰੰਭ ਕੀਤਾ ਗਿਆ ਸੀ, ਜੋ ਵਿਸ਼ਿਸ਼ਟ ਜ਼ਰੂਰਤਾਂ ਵਾਲੇ ਵਿਕਾਸੀ ਅਸਮਰੱਥਾਵਾਂ ਵਾਲੇ ਵਿਅਕਤੀਆਂ ਦੀ ਮਦਦ ਦੇ ਲਈ ਇੱਕ ਵਿਸ਼ੇਸ਼ ਏਜੰਸੀ ਚਾਹੁੰਦੇ ਸਨ

ਜੇਕਰ ਤੁਸੀਂ ਵਿਕਾਸੀ ਅਸਮਰੱਥਾਵਾਂ ਵਾਲੇ ਕੋਈ ਬਾਲਗ ਹੋ, ਜਾਂ ਫੇਟਲ ਅਲਕੋਹਲ ਸਪੈਕਟ੍ਰਮ ਡਿਸਔਰਡਰ ਜਾਂ ਔਟਿਜ਼ਮ ਸਪੈਕਟ੍ਰਮ ਡਿਸਔਰਡਰ ਦੇ ਰੋਗ ਨਿਦਾਨ ਵਾਲੇ ਬਾਲਗ ਹੋ ਅਤੇ ਤੁਸੀਂ ਧਨ ਪ੍ਰਬੰਧਨ ਅਤੇ ਖਰੀਦਦਾਰੀ ਵਰਗੀ ਚੀਜ਼ਾਂ ਵਿੱਚ ਕਠਿਨਾਈ ਮਹਿਸੂਸ ਕਰਦੇ ਹੋ, ਤਾਂ CLBC ਤੁਹਾਨੂੰ ਇੱਕ ਚੰਗੇ ਜੀਵਨ ਦਾ ਆਨੰਦ ਲੈਣ ਅਤੇ ਕੰਮ, ਰਹਿਣ ਦੇ ਲਈ ਸਥਾਨ ਅਤੇ ਸੰਗਠਨ ਕਿਰਿਆਵਾਂ ਦੇ ਸੰਬੰਧ ਵਿੱਚ ਅਧਿਕ ਵਿਕਲਪ ਪ੍ਰਦਾਨ ਕਰਨ ਵਿੱਚ ਮਦਦ ਕਰ ਸਕਦਾ ਹੈ।

## CLBC ਕੀ ਕਰਦਾ ਹੈ?

CLBC ਅਜਿਹੇ ਸੰਗਠਨਾਂ ਦੀ ਰਚਨਾ ਕਰਨ ਦੇ ਲਈ ਕਾਰਜ ਕਰਦਾ ਹੈ ਜਿੱਥੇ ਤੁਸੀਂ ਸੁਰੱਖਿਅਤ ਅਤੇ ਸੁੱਖੀ ਅਨੁਭਵ ਕਰ ਸਕੋ। ਸੁਰੱਖਿਅਤ ਅਤੇ ਸੁੱਖੀ ਅਨੁਭਵ ਕਰਨ ਦਾ ਮਤਲਬ ਇੱਕ ਵਧੀਆ ਨੌਕਰੀ, ਰਹਿਣ ਦੇ ਲਈ ਇੱਕ ਸੁਖਦਾਇਕ ਅਤੇ ਸੁਰੱਖਿਅਤ ਸਥਾਨ, ਅਤੇ ਜਿੱਥੇ ਤੁਸੀਂ ਰਹਿੰਦੇ ਹੋ ਉਸ ਸੰਗਠਨ ਦੇ ਵਿੱਚ ਮਿੱਤਰ ਬਣਾਉਣ ਦੇ ਅਵਸਰ ਪ੍ਰਾਪਤ ਹੋਣਾ ਹੈ।










## CLBC ਵਿਕਾਸੀ ਅਸਮਰੱਥਾਵਾਂ ਵਾਲੇ ਵਿਅਕਤੀਆਂ ਦਾ ਸਮਰਥਨ ਕਿਵੇਂ ਕਰਦਾ ਹੈ?

ਤੁਸੀਂ ਦੋ ਤਰੀਕਿਆਂ ਦੁਆਰਾ CLBC ਤੋਂ ਮਦਦ ਪ੍ਰਾਪਤ ਕਰ ਸਕਦੇ ਹੋ:

1. ਤੁਸੀਂ CLBC ਤੋਂ ਪ੍ਰਾਪਤ ਹੋਏ ਧਨ ਤੋਂ ਸੇਵਾਵਾਂ ਦਾ ਸਿੱਧਾ ਭੁਗਤਾਨ ਕਰ ਸਕਦੇ ਹੋ।
2. ਜਾਂ ਤੁਸੀਂ ਉਹਨਾਂ ਸੰਸਥਾਵਾਂ ਤੋਂ ਮਦਦ ਪ੍ਰਾਪਤ ਕਰ ਸਕਦੇ ਹੋ ਜੋ ਵਿਅਕਤੀਆਂ ਅਤੇ ਉਹਨਾਂ ਦੇ ਪਰਵਾਰਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਦੇ ਲਈ CLBC ਤੋਂ ਧਨ ਪ੍ਰਾਪਤ ਕਰਦੀਆਂ ਹਨ।

## CLBC ਸੇਵਾਵਾਂ ਕੌਣ ਪ੍ਰਾਪਤ ਕਰ ਸਕਦਾ ਹੈ?

ਤੁਸੀਂ CLBC ਤੋਂ ਮਦਦ ਪ੍ਰਾਪਤ ਕਰ ਸਕਦੇ ਹੋ ਜੇਕਰ:

1. ਤੁਹਾਡੀ ਉਮਰ 19 ਸਾਲ ਤੋਂ ਜ਼ਿਆਦਾ ਹੈ ਅਤੇ ਤੁਹਾਨੂੰ ਕੋਈ ਅਜਿਹੀ ਵਿਕਾਸੀ ਅਸਮਰੱਥਾ ਹੈ
2. ਜੋ ਤੁਹਾਨੂੰ 18 ਸਾਲ ਦੀ ਉਮਰ ਤੋਂ ਪਹਿਲਾਂ ਅਰੰਭ ਹੋ ਗਈ ਸੀ. ਜਾਂ ਜੇਕਰ ਤੁਹਾਡੀ ਉਮਰ 19 ਸਾਲ ਤੋਂ ਜ਼ਿਆਦਾ ਹੈ ਅਤੇ ਤੁਹਾਨੂੰ ਫੇਟਲ ਅਲਕੋਹਲ ਸਪੈਕਟ੍ਰਮ ਡਿਸਔਰਡਰ ਜਾਂ ਔਟਿਜ਼ਮ ਸਪੈਕਟ੍ਰਮ ਡਿਸਔਰਡਰ ਦਾ ਰੋਗ ਨਿਦਾਨ ਹੈ, ਅਤੇ ਤੁਸੀਂ ਖਰੀਦਦਾਰੀ ਅਤੇ ਧਨ ਪ੍ਰਬੰਧਨ ਵਰਗੀ ਚੀਜ਼ਾਂ ਵਿੱਚ ਬਹੁਤ ਕਠਿਨਾਈ ਮਹਿਸੂਸ ਕਰਦੇ ਹੋ।

CLBC ਸਮਰਥਨ ਕੌਣ ਪ੍ਰਾਪਤ ਕਰ ਸਕਦਾ ਹੈ ਇਹ ਫੈਸਲਾ ਕਰਨ ਦੇ ਲਈ CLBC ਵਿਸ਼ੇਸ਼ ਪਰੀਖਿਆਵਾਂ ਦਾ ਉਪਯੋਗ ਕਰਦੀ ਹੈ। ਸੁਵਿਧਾ ਪ੍ਰਦਾਤਾ ਇਹਨਾਂ ਪਰੀਖਿਆਵਾਂ ਦੇ ਸੰਬੰਧ ਵਿੱਚ ਤੁਹਾਨੂੰ ਅਤੇ ਤੁਹਾਡੇ ਪਰਵਾਰ ਨੂੰ ਹੋਰ ਅਧਿਕ ਜਾਣਕਾਰੀ ਉਪਲਬਧ ਕਰ ਸਕਦੇ ਹਨ।





## CLBC ਸੁਵਿਧਾ ਪ੍ਰਦਾਤਾ ਦੀ ਕੀ ਭੂਮਿਕਾ ਹੈ?

CLBC ਸੁਵਿਧਾ ਪ੍ਰਦਾਤਾ ਉਹ ਵਿਅਕਤੀ ਹਨ ਜਿਹਨਾਂ ਨੂੰ ਤੁਸੀਂ ਉਦੋਂ ਮਿਲਦੇ ਹੋ ਜਦੋਂ ਤੁਸੀਂ CLBC ਦੀ ਸੇਵਾਵਾਂ ਪ੍ਰਾਪਤ ਕਰਨਾ ਚਾਹੁੰਦੇ ਹੋ। ਸੁਵਿਧਾ ਪ੍ਰਦਾਤਾ ਤੁਹਾਨੂੰ ਜਾਣਕਾਰੀ ਅਤੇ ਸਲਾਹ ਪ੍ਰਦਾਨ ਕਰ ਸਕਦੇ ਹਨ। ਉਹ ਤੁਹਾਡੀ ਚਿੰਤਾਵਾਂ ਨੂੰ ਸਮਝ ਸਕਦੇ ਹਨ ਜਾਂ ਤੁਸੀਂ ਉਹਨਾਂ ਨੂੰ ਆਪਣੀ ਸਮਝ ਦੇ ਅਨੁਸਾਰ ਸੰਭਾਵਿਤ ਲੋੜੀਂਦੀ ਸੇਵਾਵਾਂ ਬਾਰੇ ਦੱਸ ਸਕਦੇ ਹੋ। ਉਹ ਸਮੱਸਿਆਵਾਂ ਨੂੰ ਹੱਲ ਕਰਨ, ਸੰਗਠਨ ਸੇਵਾਵਾਂ ਵਿੱਚ ਜੁੜਣ, ਕੋਈ ਵਿਅਕਤੀਗਤ ਯੋਜਨਾ ਬਣਾਉਣ ਜਾਂ ਸੇਵਾਵਾਂ ਨੂੰ ਪ੍ਰਾਪਤ ਕਰਨ, ਵਿੱਚ ਵੀ ਤੁਹਾਡੀ ਮਦਦ ਕਰ ਸਕਦੇ ਹਨ। ਇੱਕ ਵਿਅਕਤੀਗਤ ਯੋਜਨਾ ਦੇ ਵਿੱਚ ਆਮ ਤੌਰ ਤੇ CLBC ਸੇਵਾਵਾਂ ਅਤੇ ਹੋਰ ਸੰਗਠਨਾਂ ਦੇ ਸਮਰਥਨ ਜਿਵੇਂ ਸਮਾਜਕ ਕਲਬਸ, ਮਨੋਰੰਜਨ ਪ੍ਰੋਗਰਾਮਸ, ਕਾਰਜ, ਸਵੈਸੇਵਾ ਅਤੇ ਸ਼ੌਕ ਸ਼ਾਮਲ ਹੁੰਦੇ ਹਨ।

## CLBC ਕਿਸ ਕਿਸਮ ਦੇ ਸਮਰਥਨ ਅਤੇ ਸੇਵਾਵਾਂ ਪ੍ਰਦਾਨ ਕਰਦੀ ਹੈ?

**CLBC ਅਜਿਹੇ ਸਮਰਥਨ ਅਤੇ ਸੇਵਾਵਾਂ ਲਈ ਭੁਗਤਾਨ ਕਰਦੀ ਹੈ ਜੋ ਪਾਤਰ ਬਾਲਗ ਅਤੇ ਉਹਨਾਂ ਦੇ ਪਰਵਾਰ ਸੇਵਾ ਪ੍ਰਦਾਤਾ ਜਾਂ ਏਜੰਸੀਆਂ ਦੁਆਰਾ ਸਿੱਧੇ ਖਰੀਦ ਜਾਂ ਐਕਸੈਸ ਕਰ ਸਕਦੇ ਹਨ। ਕਿਸੇ ਵੀ ਵਿਕਲਪ ਦੇ ਨਾਲ, ਸਮਰਥਨ ਵਿੱਚ ਨਿਮਨ ਸ਼ਾਮਲ ਹੋ ਸਕਦਾ ਹੈ**

- ਅਜਿਹੀ ਨਵੀਂ ਮੁਹਾਰਤਾਂ ਨੂੰ ਸਿੱਖਣਾ ਜੋ ਤੁਹਾਨੂੰ ਤੁਹਾਡੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰ ਸਕੇ
- ਕਾਰਜ ਜਾਂ ਹੋਰ ਕਿਰਿਆਵਾਂ ਦੇ ਵਿੱਚ ਸਮਰਥਨ ਤਾਕਿ ਤੁਸੀਂ ਆਪਣੇ ਸੰਗਠਨ ਦੇ ਵਿੱਚ ਸਕ੍ਰਿਆ ਹੋ ਸਕੋ
- ਸੰਗਠਨ ਵਿੱਚ ਰਹਿਣ ਦੇ ਲਈ ਮਦਦ
- ਵਿਸ਼ੇਸ਼ ਸਮਰਥਨ ਅਤੇ ਸੇਵਾਵਾਂ ਦੇ ਨਾਲ ਜੁੜਨਾ
- ਮਿੱਤਰ ਬਣਾਉਣਾ ਅਤੇ ਆਪਣੇ ਸੰਗਠਨ ਦੇ ਵਿੱਚ ਉਹਨਾਂ ਨੂੰ ਆਪਣੇ ਜੀਵਨ ਵਿੱਚ ਜੋੜਨਾ

## CLBC ਅਜਿਹੀ ਸੰਗਠਨ ਬਣਾਉਣ ਦੇ ਲਈ ਕਿਸ ਤਰ੍ਹਾਂ ਕਾਰਜ ਕਰਦਾ ਹੈ, ਜਿੱਥੇ ਲੋਕ ਸੁਰੱਖਿਅਤ ਅਤੇ ਸੁੱਖੀ ਅਨੁਭਵ ਕਰ ਸਕਣ?

CLBC ਅਜਿਹੇ ਸੰਗਠਨ ਬਣਾਉਣ ਦੇ ਵਿੱਚ ਮਦਦ ਕਰਦਾ ਹੈ ਜਿੱਥੇ ਲੋਕ ਇਹ ਅਨੁਭਵ ਕਰ ਸਕਣ ਕਿ ਉਹ ਵਿਕਾਸੀ ਅਸਮੱਰਥਾਵਾਂ ਵਾਲੇ ਲੋਕਾਂ ਦੀ ਜ਼ਰੂਰਤਾਂ ਦੇ ਬਾਰੇ ਵਿੱਚ ਜਾਣਕਾਰੀ ਨੂੰ ਸਾਂਝਾ ਕਰਨ ਨਾਲ ਸੰਬੰਧ ਰੱਖਦੇ ਹਨ, ਅਤੇ ਉਹ ਉਹਨਾਂ ਦੇ ਸੰਗਠਨ ਦੇ ਵਿੱਚ ਆਪਣੀ ਭੂਮਿਕਾ ਕਿਵੇਂ ਅਦਾ ਕਰ ਸਕਦੇ ਹਨ। CLBC ਦਾ “ਨਮਸਕਾਰ ਕਰਨਾ ਨਾਲ ਅਰੰਭ ਕਰਨਾ” ਪ੍ਰੋਜੈਕਟ ਇੱਕ ਅਜਿਹਾ ਹੀ ਉਦਾਹਰਣ ਹੈ ਕਿ ਅਸੀਂ ਸਾਰਿਆਂ ਨੂੰ ਸਨਮਾਨ ਦੇ ਲਈ ਸੰਗਠਨਾਂ ਨੂੰ ਕਿਵੇਂ ਪ੍ਰੇਰਿਤ ਕਰਦੇ ਹਾਂ। ਨਮਸਕਾਰ ਕਰਨਾ ਨਾਲ ਅਰੰਭ ਕਰਨਾ ਹਰ ਇੱਕ ਵਿਅਕਤੀ ਨੂੰ ਪ੍ਰੇਰਿਤ ਕਰਦਾ ਹੈ ਕਿ ਉਹ ਛੋਟੀ ਛੋਟੀ ਗੱਲਾਂ ਜਿਵੇਂ ਹੈਲੋ ਕਹਿਣ ਦੇ ਦੁਆਰਾ ਵਿਕਾਸੀ ਅਸਮਰੱਥਾਵਾਂ ਵਾਲੇ ਲੋਕਾਂ ਨੂੰ ਸੁਰੱਖਿਅਤ ਅਤੇ ਉਹਨਾਂ ਦੇ ਸੰਗਠਨਾਂ ਦੇ ਵਿੱਚ ਸ਼ਾਮਲ ਅਨੁਭਵ ਕਰਾਉਣ।

**www.startwithhi.ca**

**ਜੇਕਰ ਤੁਹਾਡੇ ਕੋਲ ਹੋਰ ਪ੍ਰਸ਼ਨ ਹਨ ਜਾਂ ਤੁਸੀਂ ਹੋਰ ਜਾਣਕਾਰੀ ਚਾਹੁੰਦੇ ਹੋ ਤਾਂ:**

ਕਿਰਪਾ ਕਰਕੇ ਸਾਡੇ ਫ੍ਰੀ ਨੰਬਰ ਤੇ ਕਾਲ ਕਰੋ:
1-877-660-2522

ਇੱਥੋਂ ਸਾਡੀ ਵੈਬਸਾਈਟ ਤੇ ਜਾਉ:
www.communitylivingbc.ca

COMMUNITY LIVING BRITISH COLUMBIA

Community Living British Columbia
Airport Square – 7th Floor
1200 West 73rd Avenue
Vancouver, British Columbia
Canada V6P 6G5

Punjabi
ਮਈ 2010